ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਮੈਂਬਰ ਸਕੱਤਰ

ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)

ਪੰ.ਸ.ਸਿੱ.ਬੋ. ਕੰਪਲੈਕਸ, ਈ ਬਲਾਕ, ਪੰਜਵੀਂ ਮੰਜਿਲ, ਫੇਸ 8, ਸਅਸ ਨਗਰ (ਫੋਨ:0172-5212311)

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
ਸਮੂਹ ਸਕੂਲ ਮੁਖੀ (ਵੈੱਬ ਸਾਈਟ ਰਾਹੀਂ)
ਪੰਜਾਬ।

ਪੱਤਰ ਨੰ. I/1536669/2026
ਮਿਤੀ 21.10.2026

ਵਿਸ਼ਾ: ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ ਵੱਲੋਂ #SpecialCompaign6 ਤਹਿਤ ਚਲਾਈ ਜਾ ਰਹੀ ਈ-ਵੇਸਟ ਮੁਹਿੰਮ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ. I/1501255/2026 ਮਿਤੀ 14.09.2026 ਅਤੇ ਸਮੇਂ ਸਮੇਂ ਤੇ ਜਾਰੀ ਹਦਾਇਤਾਂ/ਈ-ਮੇਲਜ਼ ਦੀ ਲਗਾਤਾਰਤਾਂ ਵਿੱਚ।

1.0 ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ (MoE) ਵੱਲੋਂ 'Swachhata Pakhwada' ਗਤੀਵਿਧੀ ਕਰਵਾਈ ਜਾ ਰਹੀ ਹੈ। ਇਸ ਗਤੀਵਿਧੀ ਦੇ ਅੰਤਰਗਤ ਮਿਸ਼ਨ LiFE ਦੇ ਤਹਿਤ ਈਕੋ ਕਲੱਬਾਂ ਦੀ ਅਗਵਾਈ ਹੇਠ ਸਕੂਲਾਂ ਵਿੱਚ ਦੇਸ਼-ਵਿਆਪੀ ਈ-ਵੇਸਟ ਸਬੰਧੀ ਜਾਗਰੂਕਤਾ ਅਤੇ ਇਕੱਤਰਤਾ ਮੁਹਿੰਮ (E-waste Awareness and Collection Drive) ਦਾ ਆਯੋਜਨ ਕੀਤਾ ਗਿਆ ਹੈ।

2.0 ਉਪਰੋਕਤ ਸਬੰਧੀ ਬੇਨਤੀ ਹੈ ਕਿ ਜਿਹਨਾਂ ਸਕੂਲਾਂ ਵਿੱਚ E-Waste campaign ਸਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਨਹੀਂ ਕੀਤਾ ਗਿਆ, ਉਹਨਾਂ ਸਕੂਲਾਂ ਵਿੱਚ ਜਲਦ ਤੋਂ ਜਲਦ ਸਵੇਰ ਦੀ ਪ੍ਰਾਰਥਨਾ ਸਭਾ ਵਿੱਚ ਜਾਗਰੂਕ ਕਰਨਾ ਯਕੀਨੀ ਬਣਾਇਆ ਜਾਵੇ। ਇਸ ਦੇ ਨਾਲ ਹੀ ਜੇ ਕਿਸੇ ਸਕੂਲ ਵਿੱਚ ਨਵਾਂ ਕੰਪਿਊਟਰ ਹਾਰਡਵੇਅਰ ਆਉਣ ਦੇ ਬਾਵਜੂਦ ਪੁਰਾਣੇ ਨਾ-ਵਰਤੋਂਯੋਗ ਸਮਾਨ ਦੀ ਪਛਾਣ ਨਹੀਂ ਕੀਤੀ ਗਈ, ਉਹ ਵੀ ਤੁਰੰਤ ਕਰ ਲਈ ਜਾਵੇ।

3.0 E-Waste ਸਬੰਧੀ ਕਰਵਾਈਆਂ ਗਈਆਂ ਗਤੀਵਿਧੀਆਂ ਪੋਸਟਰ ਮੇਕਿੰਗ, ਲੇਖ ਮੁਕਾਬਲੇ, E-Waste Art installations ਦੀਆਂ ਚੰਗੀਆਂ ਤਸਵੀਰਾਂ ਸਕੂਲ ਦੇ ਸੋਸ਼ਲ ਮੀਡੀਆ ਲਿੰਕ ਉੱਪਰ ਅਪਲੋਡ ਕੀਤੀਆਂ ਜਾਣ। ਇਸ ਮੁਹਿੰਮ ਵਿੱਚ ਪ੍ਰਾਇਵੇਟ ਸਕੂਲਾਂ ਦੀ ਭਾਗੀਦਾਰੀ ਬਹੁਤ ਘੱਟ ਹੈ, ਇਸ ਵੱਲੋਂ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

4.0 ਸਕੂਲ, Recycler ਨੂੰ ਸਮਾਨ ਸੌਂਪਦੇ ਸਮੇਂ ਰਸੀਦ ਜਰੂਰ ਲੈਣ ਅਤੇ ਜਿਨਾਂ ਸਕੂਲਾਂ ਵੱਲੋਂ Recycler ਨੂੰ ਸਮਾਨ ਸੌਂਪ ਦਿੱਤਾ ਹੈ, ਉਹਨਾਂ ਸਕੂਲਾਂ ਦੇ ਵੇਰਵੇ, ECO CLUB/E-Waste ਨੋਡਲ ਅਫ਼ਸਰ ਵੱਲੋਂ https://ecoclubs.education.gov.in ਪੋਰਟਲ ਉੱਪਰ ਅਤੇ ਸਕੂਲ ਦੇ Mstar login,

https://mstar.epunjabschool.gov.in/auth/login ਉੱਤੇ ਅਪਡੇਟ ਕਰਨੇ ਯਕੀਨੀ ਬਣਾਏ ਜਾਣ ਅਤੇ ਇਸਦਾ ਸਕਰੀਨ ਸ਼ਾਰਟ ਵੀ ਲੈ ਲਿਆ ਜਾਵੇ ਜੀ। ਇਸ ਸਬੰਧੀ ਵਧੇਰੇ ਜਾਣਕਾਰੀ ਭਾਰਤ ਸਰਕਾਰ ਦੀ ਵੈੱਬ ਸਾਈਟ E-Waste Collection Drive · Events in schools — Eco Clubs for Mission LiFE ਅਤੇ ਐਸ.ਐਸ.ਏ. ਪੰਜਾਬ ਦੀ ਵੈੱਬ ਸਾਈਟ eWaste Instructions | Department of School Education, Punjab ਤੋਂ ਲਈ ਜਾ ਸਕਦੀ ਹੈ ਜੀ।

5 ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਜੋ ਇਲੈਕਟ੍ਰੋਨਿਕ ਸਮਾਨ ਵਿਦਿਆਰਥੀਆਂ /ਅਧਿਆਪਕਾਂ ਵੱਲੋਂ ਈ-ਵੇਸਟ ਕਰਨ ਲਈ ਸਕੂਲ ਵਿੱਚ ਘਰ ਤੋਂ ਲਿਆ ਕੇ ਜਮ੍ਹਾਂ ਕਰਵਾਇਆ ਜਾ ਰਿਹਾ ਹੈ, ਉਸਦੇ ਪੈਸੇ ਉਹਨਾਂ ਨੂੰ ਯੋਗ ਵਿਧੀ ਅਪਣਾਉਂਦੇ ਹੋਏ ਵਾਪਸ ਕਰਨੇ ਹਨ। ਜੇਕਰ ਕਿਸੇ ਸਕੂਲ ਨੂੰ ਈ-ਵੇਸਟ ਚੁਕਵਾਉਣ ਸਬੰਧੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਉਹ ਸਬੰਧਤ ਜਿਲਾ ਸਿੱਖਿਆ ਅਧਿਕਾਰੀ ਨਾਲ ਰਾਬਤਾ ਕਾਇਮ ਕਰਨਗੇ।

6 ਭਾਰਤ ਦੇ ਸਿੱਖਿਆ ਮੰਤਰਾਲੇ ਵੱਲੋਂ ਜਾਰੀ D.O No. 17-35/2025-Coord ਮਿਤੀ 05.10.2026 ਅਨੁਸਾਰ ਮਿਤੀ 28.10.26 ਨੂੰ ਸਕੂਲ ਦੀ ਸਵੇਰੇ ਦੀ ਸਭਾ ਦੌਰਾਨ "E-waste Management" ਉੱਤੇ ਇੱਕ ਰੋਜਾ event ਤਹਿਤ short quiz ਕਰਵਾਉਣਾ ਯਕੀਨੀ ਬਣਾਇਆ ਜਾਵੇ।

7 ਪ੍ਰਾਇਮਰੀ ਸਕੂਲ ਯੋਗ ਵਿਧੀ ਅਪਣਾਉਂਦੇ ਹੋਏ ਨਾ-ਵਰਤਣਯੋਗ ਉਪਕਰਨਾਂ ਨੂੰ ਆਪਣੇ ਪੱਧਰ ਤੇ ਈ-ਵੇਸਟ ਕਰ ਸਕਦੇ ਹਨ। ਜੇਕਰ ਕਿਸੇ ਪ੍ਰਾਇਮਰੀ ਸਕੂਲ ਨੂੰ ਈ-ਵੇਸਟ ਰੀਸਾਈਕਲਰ ਨਾਲ ਸੰਪਰਕ ਕਰਨ ਵਿੱਚ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਉਹ ਆਪਣੇ ਨੇੜੇ ਦੇ ਮਿਡਲ, ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਦਾ ਸਹਿਯੋਗ ਲੈ ਸਕਦੇ ਹਨ।

8 ਜਿਕਰਯੋਗ ਹੈ ਕਿ ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਇਹ ਐਕਟੀਵਿਟੀ ਮਿਤੀ 28.10.2026 ਤੱਕ complete ਕੀਤੀ ਜਾਣੀ ਹੈ ਜੀ। ਇਸ ਲਈ ਇਸ ਐਕਟੀਵਿਟੀ ਨੂੰ ਸਮਾਂ ਰਹਿੰਦੇ ਪੂਰਾ ਕੀਤਾ ਜਾਵੇ ਜੀ। ਇਸ ਮੁਹਿੰਮ ਦੇ ਖਤਮ ਹੋਣ ਉਪਰੰਤ ਸਮੂਹ ਜਿਲਾ ਸਿੱਖਿਆ ਅਫਸਰ ਸਾਹਿਬਾਨ ਵੱਲੋਂ ਸਰਟੀਫਿਕੇਟ ਦਿੱਤਾ ਜਾਵੇਗਾ ਕਿ ਉਨ੍ਹਾਂ ਦੇ ਜਿਲੇ ਦੇ ਕਿਸੇ ਵੀ ਸਕੂਲ ਵਿੱਚ ਪੱਤਰ ਵਿੱਚ ਦਰਜ ਅਨੁਸਾਰ ਨਾ-ਵਰਤਣਯੋਗ ਉਪਕਰਨਾਂ ਦਾ (ਈ-ਵੇਸਟ) ਨਿਪਟਾਰਾ ਕਰਨ ਤੋਂ ਨਹੀ ਰਹਿੰਦਾ ਹੈ।

9 E-Waste ਕਰਨ ਦੀ ਪ੍ਰਕਿਰਿਆ ਦੌਰਾਨ ਵਿਭਾਗ ਵੱਲੋਂ ਸਮੇਂ ਸਮੇਂ ਤੇ ਜਾਰੀ ਪੱਤਰਾਂ ਵਿੱਚ ਦਰਜ ਹਦਾਇਤਾਂ ਦੀ ਪਾਲਣਾ ਕੀਤੀ ਜਾਵੇ ਅਤੇ ਵਿਦਿਆਰਥੀਆਂ ਅਤੇ ਸਟਾਫ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪਿਕਟਸ

ਪਿ.ਅੰ.ਨੰ. ਉਕਤ **ਮਿਤੀ:** 21.10.26

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1 ਸਰਕਲ ਪ੍ਰੋਜੈਕਟ ਕੁਆਰਡੀਨੇਟਰਜ਼।
2 ਸਟੇਟ ਪ੍ਰੋਜੈਕਟ ਕੁਆਰਡੀਨੇਟਰ (ਕੰਪਿਊਟਰ)।

21/10/26
ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪਿਕਟਸ